# ਹੈਪੇਟਾਈਟਿਸ ਬੀ, ਹੈਪੇਟਾਈਟਿਸ ਸੀ ਜਾਂ ਐਚਆਈਵੀ ਲਈ ਜਾਂਚ ਹੁਕਮ

## ਹੈਪੇਟਾਈਟਿਸ ਬੀ, ਹੈਪੇਟਾਈਟਿਸ ਸੀ ਜਾਂ ਐਚਆਈਵੀ ਤੋਂ ਪ੍ਰਭਾਵਿਤ ਹੋਣਾ

ਜੇਕਰ ਤੁਹਾਨੂੰ ਚਿੰਤਾ ਹੈ ਕਿ ਤੁਸੀਂ ਹੈਪੇਟਾਈਟਿਸ ਬੀ, ਹੈਪੇਟਾਈਟਿਸ ਸੀ ਜਾਂ ਹਿਊਮੈਨ ਇਮਿਊਨੋਡੈਫਿਸ਼ਿਐਂਸੀ ਵਾਇਰਸ (HIV) ਤੋਂ ਪ੍ਰਭਾਵਿਤ ਹੋਏ ਹੋ, ਤਾਂ ਤੁਹਾਨੂੰ ਤੁਰੰਤ ਸਿਹਤ ਪੇਸ਼ਾਵਰ ਵੱਲੋਂ ਜੋਖਮ ਮੁਲਾਂਕਣ ਕਰਵਾਉਣ ਲਈ ਆਪਣੇ ਨੇੜਲੇ ਐਮਰਜੈਂਸੀ ਵਿਭਾਗ ਵਿੱਚ ਜਾਣਾ ਚਾਹੀਦਾ ਹੈ।

ਜੇਕਰ ਲੋੜੀਂਦਾ ਹੋਵੇ, ਤਾਂ ਇਹ ਯਕੀਨੀ ਬਣਾਉਣ ਲਈ ਤਤਕਾਲ ਮੁਲਾਂਕਣ ਜ਼ਰੂਰੀ ਹੈ ਕਿ ਤੁਰੰਤ ਹੈਪੇਟਾਈਟਿਸ ਬੀ ਵਾਇਰਸ ਅਤੇ/ਜਾਂ ਐਚਆਈਵੀ ਦੇ ਪੋਸਟ-ਐਕਸਪੋਜ਼ਰ ਪ੍ਰੋਫਿਲੈਕਸਿਸ ਸ਼ੁਰੂ ਹੋ ਗਿਆ ਹੈ।ਹੈਪੇਟਾਈਟਿਸ ਸੀ ਵਾਇਰਸ (HCV) ਲਈ ਪੋਸਟ-ਐਕਸਪੋਜ਼ਰ ਪ੍ਰੋਫਿਲੈਕਸਿਸ ਦਾ ਸਮਰਥਨ ਕਰਨ ਲਈ ਕੋਈ ਸਬੂਤ ਨਹੀਂ ਹੈ, ਹਾਲਾਂਕਿ, ਪੁਰਾਣਾ ਹੈਪੇਟਾਈਟਿਸ ਸੀ ਸੰਕ੍ਰਮਣ ਐਂਟੀਵਾਇਰਲ ਥੈਰੇਪੀ ਦੇ ਨਾਲ ਰੋਕਿਆ ਜਾ ਸਕਦਾ ਹੈ ਜਾਂ ਇਸਦਾ ਇਲਾਜ ਕੀਤਾ ਜਾ ਸਕਦਾ ਹੈ। ਪੋਸਟ-ਐਕਸਪੋਜ਼ਰ ਪ੍ਰੋਫਿਲੈਕਸਿਸ ਵਿਅਕਤੀ ਦੇ ਰੋਗ ਤੋਂ ਪ੍ਰਭਾਵਿਤ ਹੋਣ ਤੋਂ ਬਾਅਦ ਦਾ ਇਲਾਜ ਹੈ। ਹੋਰ ਜਾਣਕਾਰੀ ਲਈ, HealthLinkBC File #97 ਖੂਨ ਜਾਂ ਸਰੀਰਕ ਦ੍ਰਵਾਂ ਦੇ ਨਾਲ ਸੰਪਰਕ:ਵਿਗਾੜ ਦੇ ਵਿਰੁੱਧ ਰੱਖਿਆ ਦੇਖੋ।

ਆਪਣਾ ਨੇੜਲਾ ਐਮਰਜੈਂਸੀ ਵਿਭਾਗ ਲੱਭਣ ਲਈ, ਸੇਵਾਵਾਂ ਅਤੇ ਵਸੀਲੇ ਡਾਇਰੈਕਟਰੀ ਲੱਭੋ ਜਾਂ ਹਫ਼ਤੇ ਦੇ ਕਿਸੇ ਵੀ ਦਿਨ, ਦਿਨ ਵਿੱਚ ਜਾਂ ਰਾਤ ਨੂੰ **8-1-1** ਤੇ ਫੋਨ ਕਰੋ।

## ਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ

*ਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ* ਬਾਰੇ ਇਹ ਜਾਣਕਾਰੀ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਅਤੇ ਮਾਰਗ ਦਰਸ਼ਨ ਲਈ ਕੀਤੀ ਜਾਂਦੀ ਹੈ। ਜੇਕਰ ਇਸ ਵੈਬਸਾਈਟ ਅਤੇਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ ਜਾਂ ਐਮਰਜੈਂਸੀ ਦਖਲ ਪ੍ਰਗਟਾਵਾ ਵਿਨਿਯਮ ਵਿਚਕਾਰ ਕੋਈ ਵਿਵਾਦ ਹੋਵੇ, ਤਾਂ ਅਧਿਨਿਯਮ ਅਤੇ ਵਿਨਿਯਮ ਲਾਗੂ ਹੋਵੇਗਾ।

ਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ ਲੋਕਾਂ ਨੂੰ ਦੂਜੇ ਵਿਅਕਤੀ ਦੀ ਹੈਪੇਟਾਈਟਿਸ ਬੀ, ਹੈਪੇਟਾਈਟਿਸ ਸੀ ਜਾਂ ਐਚਆਈਵੀ ਲਈ ਜਾਂਚ ਕਰਵਾਉਣ ਦੇ ਹੁਕਮ (ਜਾਂਚ ਹੁਕਮ) ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੰਦਾ ਹੈ, ਜੇਕਰ ਉਹ ਇਹਨਾਂ ਸਥਿਤੀਆਂ ਵਿੱਚੋਂ ਕਿਸੇ ਇੱਕ ਵਿੱਚ ਉਸ ਵਿਅਕਤੀ ਦੇ ਸਰੀਰ ਦੇ ਪਦਾਰਥ ਤੋਂ ਪ੍ਰਭਾਵਿਤ ਹੋਏ ਹੋਣ:

- ਐਮਰਜੈਂਸੀ ਸਿਹਤ ਸੇਵਾਵਾਂ ਮੁਹੱਈਆ ਕਰਦੇ ਸਮੇਂ।
- ਫਾਈਰ ਫਾਈਟਰ, ਐਮਰਜੈਂਸੀ ਮੈਡੀਕਲ ਸਹਾਇਕ ਜਾਂ ਪੁਲਿਸ ਜਾਂ ਸ਼ਾਂਤੀ ਸਬੰਧੀ ਹੋਰ ਅਫਸਰ ਦੇ ਤੌਰ ਤੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ।
- ਜਦੋਂ ਉਹਨਾਂ ਕੋਲ ਇਹ ਮੰਨਣ ਦਾ ਕਾਰਨ ਹੋਵੇ ਕਿ ਉਹ *ਕ੍ਰਿਮਿਨਲ ਕੋਡ* (ਕੈਨੇਡਾ) ਦੇ ਅਧੀਨ ਕਿਸੇ ਕਥਿਤ ਅਪਰਾਧ ਦੇ ਸ਼ਿਕਾਰ ਹਨ ਅਤੇ ਲਾੱ ਐਨਫੋਰਸਮੈਂਟ ਏਜੰਸੀ ਨੂੰ ਮਾਮਲੇ ਦੀ ਰਿਪੋਰਟ ਕੀਤੀ ਹੋਵੇ।

ਜਾਂਚ ਹੁਕਮ ਦਾ ਉਦੇਸ਼, ਪ੍ਰਭਾਵਿਤ ਹੋਏ ਵਿਅਕਤੀ ਨੂੰ ਸਰੋਤ ਵਿਅਕਤੀ ਦੇ ਜਾਂਚ ਨਤੀਜਿਆਂ ਬਾਰੇ ਜਾਣਕਾਰੀ ਮੁਹੱਈਆ ਕਰਨਾ ਹੈ, ਜੋ ਪ੍ਰਭਾਵਿਤ ਹੋਏ ਵਿਅਕਤੀ ਅਤੇ ਉਹਨਾਂ ਦੇ ਚਿਕਿਤਸਕ ਨੂੰ ਪ੍ਰਭਾਵ ਦੇ ਸੰਭਾਵੀ ਨਤੀਜਿਆਂ ਨੂੰ ਸੰਭਾਲਣ ਵਿੱਚ ਸਹਾਇਕ ਹੋ ਸਕਦੀ ਹੈ। ਜਾਂਚ ਹੁਕਮ ਪ੍ਰਕਿਰਿਆ ਦੀਆਂ ਸਖਤ ਸਮਾਂ ਸੀਮਾਵਾਂ ਹਨ, ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਅਤੇ ਹੋਰ ਜਾਣਕਾਰੀ ਲਈ ਅਕਸਰ ਪੁੱਛੇ ਜਾਣ ਵਾਲੇ ਸਵਾਲ ਦੀ ਸਮੀਖਿਆ ਕਰੋ।

## ਜਾਂਚ ਹੁਕਮ ਪ੍ਰਕਿਰਿਆ ਦਾ ਸਾਰ

- ਪ੍ਰਭਾਵਿਤ ਵਿਅਕਤੀ ਨਿਰਧਾਰਤ ਕਰਦਾ ਹੈ ਕਿ ਉਹ *ਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ* ਦੇ ਅਧੀਨ ਜਾਂਚ ਹੁਕਮ ਲਈ ਅਰਜ਼ੀ ਦੇਣ ਦੇ ਯੋਗ ਹੈ ਅਤੇ ਬੇਨਤੀ ਕਰਦਾ ਹੈ ਕਿ ਸਰੋਤ ਵਿਅਕਤੀ ਦੀ ਜਾਂਚ ਕੀਤੀ ਜਾਵੇ।

- ਜੇਕਰ ਸਰੋਤ ਵਿਅਕਤੀ ਆਪਣੀ ਇੱਛਾ ਨਾਲ ਜਾਂਚ ਨਹੀਂ ਕਰਾਉਂਦਾ, ਤਾਂ ਪ੍ਰਭਾਵਿਤ ਵਿਅਕਤੀ ਸੂਬਾਈ ਅਦਾਲਤ ਰਾਹੀਂ ਜਾਂਚ ਹੁਕਮ ਦੀ ਪੈਰਵੀ ਕਰ ਸਕਦਾ ਹੈ।ਇਹ ਪ੍ਰਕਿਰਿਆ ਸਰੋਤ ਵਿਅਕਤੀ ਨੂੰ ਉਦੇਸ਼ ਦਾ ਨੋਟਿਸ ਫਾਰਮ ਦੇਣ ਨਾਲ ਸ਼ੁਰੂ ਹੁੰਦੀ ਹੈ।
- ਇਹ ਸਰੋਤ ਵਿਅਕਤੀ ਨੂੰ ਪ੍ਰਭਾਵਿਤ ਵਿਅਕਤੀ ਵੱਲੋਂ ਜਾਂਚ ਹੁਕਮ ਲਈ ਅਦਾਲਤ ਵਿੱਚ ਅਰਜ਼ੀ ਦੇਣ ਦੇ ਉਦੇਸ਼ ਬਾਰੇ ਸੂਚਿਤ ਕਰਦਾ ਹੈ। ਜੇਕਰ ਸਰੋਤ ਵਿਅਕਤੀ ਤਦ ਵੀ ਨੋਟਿਸ ਪ੍ਰਾਪਤ ਕਰਨ ਦੇ 3 **ਦਿਨਾਂ ਦੇ ਅੰਦਰ** ਸਵੈ-ਇੱਛਾ ਨਾਲ ਜਾਂਚ ਕਰਵਾਉਣ ਲਈ ਸਹਿਮਤ ਨਹੀਂ ਹੁੰਦਾ, ਤਾਂ ਪ੍ਰਭਾਵਿਤ ਵਿਅਕਤੀ ਸੂਬਾਈ ਅਦਾਲਤ ਵਿੱਚ ਜਾਂਚ ਹੁਕਮ ਪ੍ਰਾਪਤ ਕਰਨ ਲਈ ਅਰਜ਼ੀ ਪੇਸ਼ ਕਰ ਸਕਦਾ ਹੈ। ਅਰਜ਼ੀ ਵਿੱਚ ਪੂਰੀ ਕੀਤੀ ਚਿਕਿਤਸਕ ਦੀ ਰਿਪੋਰਟ ਸ਼ਾਮਲ ਹੋਣੀ ਲਾਜ਼ਮੀ ਹੈ ਅਤੇ ਇਹ ਸਰੋਤ ਵਿਅਕਤੀ ਦੇ ਖ਼ੂਨ ਜਾਂ ਸਰੀਰ ਦੇ ਹੋਰ ਪਦਾਰਥ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ **30 ਦਿਨਾਂ ਦੇ ਅੰਦਰ** ਦਿੱਤੀ ਜਾਣੀ ਲਾਜ਼ਮੀ ਹੈ।
- ਸੂਬਾਈ ਅਦਾਲਤ ਮਾਮਲੇ ਨੂੰ ਸੁਣੇਗੀ ਅਤੇ ਜੇਕਰ *ਅਧਿਨਿਯਮ* ਅਤੇ ਵਿਨਿਯਮ ਦਾ ਮਾਪਦੰਡ ਪੂਰਾ ਹੁੰਦਾ ਹੋਵੇ ਤਾਂ ਸਰੋਤ ਵਿਅਕਤੀ ਨੂੰ ਜਾਂਚ ਹੁਕਮ ਜਾਰੀ ਕਰ ਸਕਦੀ ਹੈ।
- ਸਰੋਤ ਵਿਅਕਤੀ ਖ਼ੂਨ ਨਮੂਨਾ ਦੇਣ ਲਈ ਵਿਸ਼ੇਸ਼ੀਕ੍ਰਿਤ ਸਿਹਤ ਫੈਸਿਲਿਟੀ ਵਿੱਚ ਜਾਂਦਾ ਹੈ, ਜੋ ਜਾਂਚ ਲਈ ਬੀਸੀ ਸੈਂਟਰ ਫਾੱਰ ਡਿਜੀਜ ਕੰਟ੍ਰੋਲ ਨੂੰ ਭੇਜਿਆ ਜਾਂਦਾ ਹੈ। ਇੱਥੇ ਜਨਤਕ ਪ੍ਰਯੋਗਸ਼ਾਲਾ ਅਤੇ ਨਮੂਨਾ ਲੈਣ ਦੀਆਂ ਸਾਈਟਾਂ ਦੀ ਸੂਚੀ ਹੈ।
- ਜਾਂਚ ਨਤੀਜੇ ਪ੍ਰਭਾਵਿਤ ਅਤੇ ਸਰੋਤ ਵਿਅਕਤੀ ਦੋਵਾਂ ਦੇ ਚਿਕਿਤਸਕਾਂ ਨੂੰ ਭੇਜੇ ਜਾਂਦੇ ਹਨ।
- ਜਾਂਚ ਹੁਕਮ ਦੀ ਪਾਲਣਾ ਨਾ ਕਰਨ ਜਾਂ *ਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ* ਦੀਆਂ ਗੁਪਤਤਾ ਸ਼ਰਤਾਂ ਦੀ ਉਲੰਘਣਾ ਕਰਨ ਦੀ ਦੋਸ਼ ਸਿੱਧੀ ਵਾਲੇ ਵਿਅਕਤੀਆਂ ਤੇ ਜੁਰਮਾਨਾ ਲਗਾਇਆ ਜਾ ਸਕਦਾ ਹੈ।
- ਤੁਸੀਂ ਖੁਦ ਕਿਸੇ ਦੇ ਰਾਹੀਂ ਇੱਕ ਸੂਚਨਾ ਜਾਂ ਦਸਤਾਵੇਜ਼ ਭੇਜ ਸਕਦੇ ਹੋ, ਜਿਵੇਂ ਕੋਈ ਦੋਸਤ ਜਾਂ ਪੇਸ਼ਾਵਰ ਪ੍ਰਕਿਰਿਆ ਸਰਵਰ। ਸੂਚਨਾ ਜਾਂ ਦਸਤਾਵੇਜ਼ ਭੇਜਣ ਤੋਂ ਬਾਅਦ, ਅਦਾਲਤ ਦੇ ਸਨਮੁੱਖ ਇਹ ਸਿੱਧ ਕਰਨ ਲਈ ਕਿ ਦਸਤਾਵੇਜ਼ ਦੂਜੀ ਧਿਰ ਨੂੰ ਭੇਜੇ ਗਏ ਸਨ, ਨਿੱਜੀ ਸੇਵਾ ਦਾ ਐਫਿਡੈਵਿਟ ਪੂਰਾ ਕਰਕੇ, ਉਸ ਉੱਤੇ ਦਸਤਖ਼ਤ ਕਰਕੇ ਇਸਨੂੰ ਸੂਬਾਈ ਅਦਾਲਤ ਦੇ ਰਜਿਸਟਰੀ ਦਫ਼ਤਰ ਵਿੱਚ ਫਾਈਲ ਕਰਨਾ ਲਾਜ਼ਮੀ ਹੈ।

### ਫਾਰਮ

*ਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ* ਦੇ ਅਧੀਨ ਜਾਂਚ ਹੁਕਮ ਪ੍ਰਕਿਰਿਆ ਲਈ ਤੁਹਾਨੂੰ ਜਿਹਨਾਂ ਫਾਰਮਾਂ ਦੀ ਲੋੜ ਹੋ ਸਕਦੀ ਹੈ, ਉਹਨਾਂ ਤੱਕ ਪਹੁੰਚ ਲਈ, ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ:

- ਨਿੱਜੀ ਸੇਵਾ ਦਾ ਐਫਿਡੈਵਿਟ
- ਜਾਂਚ ਹੁਕਮ ਪ੍ਰਾਪਤ ਕਰਨ ਲਈ ਅਰਜ਼ੀ
- ਉਦੇਸ਼ ਦਾ ਨੋਟਿਸ ਫਾਰਮ
- ਚਿਕਿਤਸਕ ਦੀ ਰਿਪੋਰਟ
- ਜਾਂਚ ਹੁਕਮ

## ਅਕਸਰ ਪੁੱਛੇ ਜਾਣ ਵਾਲੇ ਸਵਾਲ

ਜਾਂਚ ਹੁਕਮਾਂ, *ਐਮਰਜੈਂਸੀ ਦਖਲ ਪ੍ਰਗਟਾਵਾ ਅਧਿਨਿਯਮ*, ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬਾਂ ਲਈ, ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ।

- ਹੈਪੇਟਾਈਟਿਸ ਬੀ, ਹੈਪੇਟਾਈਟਿਸ ਸੀ ਜਾਂ ਐਚਆਈਵੀ ਲਈ ਜਾਂਚ ਹੁਕਮਾਂ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

## ਹੋਰ ਜਾਣਕਾਰੀ ਲਈ

ਸੰਚਾਰਨ ਦੀ ਰੋਕਥਾਮ ਬਾਰੇ ਜਾਣਕਾਰੀ ਸਮੇਤ, ਹੈਪੇਟਾਈਟਿਸ ਬੀ, ਹੈਪੇਟਾਈਟਿਸ ਸੀ ਜਾਂ ਐਚਆਈਵੀ ਬਾਰੇ ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ:

## ਹੈਪੇਟਾਈਟਿਸ ਬੀ

- ਹੈਪੇਟਾਈਟਿਸ ਬੀ ਇਮਿਊਨ ਗਲੋਬਿਊਲਿਨ (HealthLinkBC File #25b)
- ਹੈਪੇਟਾਈਟਿਸ ਬੀ ਵੈਕਸੀਨ (HealthLinkBC File #25a)
- ਹੈਪੇਟਾਈਟਿਸ ਬੀ ਵਾਇਰਸ ਜਾਂਚਾਂ
- ਹੈਪਾਟਾਈਟਿਸ ਬੀ ਵਾਇਰਸ ਇਨਫੈਕਸ਼ਨ ਨਾਲ ਠੀਕ ਰਹਿਣਾ (HealthLinkBC File #40d)

## ਹੈਪੇਟਾਈਟਿਸ ਸੀ

- ਹੈਪੇਟਾਈਟਸ ਸੀ ਵਾਇਰਸ ਵਿਗਾੜ (HealthLinkBC File #40a)
- ਹੈਪੇਟਾਈਟਿਸ ਸੀ ਵਾਇਰਸ ਜਾਂਚਾਂ
- ਹੈਪੇਟਾਈਟਸ ਸੀ ਵਾਇਰਸ ਵਿਗਾੜ ਦੇ ਨਾਲ ਚੰਗਾ ਜੀਵਨ ਬਿਤਾਉਣਾ (HealthLinkBC File #40b)

## ਐਚਆਈਵੀ

- ਐਚਆਈਵੀ ਅਤੇ ਐਚਆਈਵੀ ਟੈਸਟ (HealthLinkBC File #08m)
- ਐਚਆਈਵੀ (ਹਿਊਮੈਨ ਇਮਿਊਨੋਡੈਫਿਸ਼ਿਐਂਸੀ ਵਾਇਰਸ) ਸੰਕ੍ਰਮਣ

## ਸੰਚਾਰਨ ਦੀ ਰੋਕਥਾਮ ਕਰਨਾ

- ਖ਼ੂਨ ਅਤੇ ਸਰੀਰਕ ਦ੍ਰਵ ਸਬੰਧੀ ਸਾਵਧਾਨੀਆਂ
- ਖ਼ੂਨ ਜਾਂ ਸਰੀਰਕ ਦ੍ਰਵਾਂ ਦੇ ਨਾਲ ਸੰਪਰਕ:ਵਿਗਾੜ ਦੇ ਵਿਰੁੱਧ ਰੱਖਿਆ (HealthLinkBC ਫਾਈਲ #97)
- WorkSafeBC – ਸੰਪਰਕ ਨੂੰ ਨਿਯੰਤਰਿਤ ਕਰਨਾ: ਸੰਕ੍ਰਮਿਤ ਰੋਗ ਤੋਂ ਕਾਮਿਆਂ ਦੀ ਰੱਖਿਆ ਕਰਨਾ

ਪਿਛਲੀ ਵਾਰ ਸਮੀਖਿਆ ਕੀਤੀ: ਜੂਨ 2016